ਜਮਾਤ- ਅੱਠਵੀਂ

Code No. 820148- SA1 (M)

ਵਿਸ਼ਾ- ਪੰਜਾਬੀ

# SUMMATIVE ASSESSMENT- 1

ਛਿਮਾਹੀ ਪ੍ਰੀਖਿਆ

ਸਮਾਂ- 3 ਘੰਟੇ　　　　　　　　　　　　　　　　　　ਕੁਲ ਅੰਕ- 90

ਜ਼ਰੂਰੀ ਹਦਾਇਤਾਂ :- 1. ਸਾਰੇ ਪ੍ਰਸ਼ਨ ਹੱਲ ਕਰਨੇ ਜਰੂਰੀ ਹਨ ।
2. ਪੇਪਰ ਤਰਤੀਬ ਅਨੁਸਾਰ ਹੱਲ ਕਰੋ ।
3. ਲਿਖਾਈ ਸੁੰਦਰ ਤੇ ਸਾਫ਼ ਕਰੋ ।

## ਭਾਗ- ੳ (ਸਾਹਿਤ)

1. (ੳ) ਹੇਠ ਲਿਖੀਆਂ ਕਾਵਿ- ਪੰਕਤੀਆਂ ਦੇ ਅਧਾਰ ਤੇ ਪ੍ਰਸ਼ਨਾਂ ਦੇ ਉੱਤਰ ਦਿਓ :-

ਜਨਮ ਭੂਮੀ ਤੂੰ ਕੌਰਵਾਂ, ਪਾਂਡਵਾਂ ਦੀ,
ਤੇਰੀ ਗੋਦ ਵਿੱਚ ਕ੍ਰਿਸ਼ਨ ਮੁਰਾਰ ਆਏ ।
ਤੇਰੀ ਸੋਹਣੀ ਤਲਵੰਡੀ ਤੇ ਗੁਰੂ ਨਾਨਕ
ਕਹਿੰਦੇ 'ਸਤਿ ਕਰਤਾਰ' ਕਰਤਾਰ ਆਏ ।

1) ਕਵਿਤਾ ਤੇ ਕਵੀ ਦਾ ਨਾਂ ਲਿਖੋ । 2
2) ਗੁਰੂ ਨਾਨਕ ਦੇਵ ਜੀ ਦਾ ਜਨਮ ਕਿੱਥੇ ਹੋਇਆ ? 1
3) ਦੇਸ਼ ਦੀ ਧਰਤੀ ਤੇ ਕਿੰਨ੍ਹਾਂ- ਕਿੰਨ੍ਹਾਂ ਨੇ ਜਨਮ ਲਿਆ ? 1
4) 'ਸਤਿ- ਕਰਤਾਰ ਸ਼ਬਦ' ਦਾ ਅਰਥ ਲਿਖੋ । 1

ਅ) 'ਹੋਰ ਦਾ ਹੀ ਹੋਰ ਨੀ' ਕਵਿਤਾ ਦਾ ਸਾਰ ਲਿਖੋ । 5

2. ਹੇਠਾਂ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ 5 ਪ੍ਰਸ਼ਨਾਂ ਦੇ ਉੱਤਰ (30-35) ਸ਼ਬਦਾਂ ਵਿੱਚ ਲਿਖੋ :- **5x2= 10**

ੳ) ਮਗਰਮੱਛ ਤੇ ਕਿਰਲੀਆਂ ਦਾ ਕੀ ਸੰਬੰਧ ਹੈ ?
ਅ) ਮਾਸਟਰ ਜੀ ਦੀ ਸੰਗਤ ਵਿੱਚ ਰਹਿ ਕੇ ਕੰਵਲਨੈਨ ਦੇ ਜੀਵਨ ਵਿੱਚ ਕੀ ਤਬਦੀਲੀ ਆਈ ?
ੲ) ਆਪਣੀ ਸਵਾਰੀ ਦੀਆਂ ਕੀ ਰੀਸਾਂ- ਇਹ ਸ਼ਬਦ ਬਾਪੂ ਜੀ ਨੇ ਕਿਉਂ ਆਖੇ ?
ਸ) ਕੰਵਲਨੈਨ ਗਿੱਦੜ- ਸਿੰਗੀ ਕਿੱਥੋਂ- ਕਿੱਥੋਂ ਲੱਭਦਾ ਫਿਰਦਾ ਸੀ ?
ਹ) ਮਗਰਮੱਛਣੀ ਨੇ ਆਂਡਿਆਂ ਵਿੱਚੋਂ ਬੱਚੇ ਕੱਢਣ ਲਈ ਕੀ ਕੁਝ ਕੀਤਾ ?
ਕ) ਬੋਤੇ ਤੇ ਕੀਤੀ ਸਵਾਰੀ ਨਾਲ ਮਾਮੇ ਦਾ ਕੀ ਹਾਲ ਹੋਇਆ ?
ਖ) 'ਗਿਦੱੜ- ਸਿੰਗੀ'- ਪਾਠ ਵਿੱਚ ਸਿੰਗੀ ਕਿਸ ਨੂੰ ਕਿਹ ਗਿਆ ਹੈ ?

3. ਨਿਮਨ ਲਿਖਤ ਪ੍ਰਸ਼ਨਾਂ ਦੇ ਉੱਤਰ ਇੱਕ ਸਤਰ ਵਿੱਚ ਦਿਉ :-

ੳ) ਪੰਜਾਬੀਆਂ ਦੀ ਮਾਂ- ਖੇਡ ਕਿਹੜੀ ਹੈ ?
ਅ) ਗੱਪਬਾਜ ਨੇ ਕਿਸ ਨੂੰ ਉਪ ਨਿਸ਼ਦਾਂ ਬਾਰੇ ਦੱਸਿਆ ?
ੲ) ਦੁਸ਼ਹਿਰਾ ਕਦੋਂ ਮਨਾਇਆ ਜਾਂਦਾ ਹੈ ?
ਸ) ਗੁਪਾਲੇ ਦੇ ਬਾਪੂ ਦਾ ਨੇਜਾ ਕਿੰਨ੍ਹਾਂ ਲੰਬਾ ਸੀ ?
ਹ) ਨੈਸ਼ਨਲ ਸਟਾਈਲ ਕਬੱਡੀ ਦਾ ਦਾਇਰਾ ਕਿਹੋ ਜਿਹਾ ਹੁੰਦਾ ਹੈ ?
ਕ) ਨੌਰਾਤਿਆਂ ਵਿੱਚ ਕਿਸ ਦੀ ਪੂਜਾ ਕੀਤੀ ਜਾਂਦੀ ਹੈ ?
ਖ) ਪਾਠ ਵਿੱਚ ਗੱਪਬਾਜ਼ ਨੇ ਕਿੱਥੋਂ ਦੇ ਜੰਗਲਾਂ ਦੀ ਗੱਲ ਕੀਤੀ ਹੈ ?
ਗ) ਜਿਹੜਾ ਹਮਲਾਵਰ ਪੰਜਾਬ ਤੇ ਚੜ੍ਹਿਆ ਉਸ ਦਾ ਕੀ ਹਸ਼ਰ ਹੋਇਆ ?
ਘ) ਗੱਪਬਾਜਾਂ ਦੀ ਸ੍ਰੇਣੀ ਕਿੱਥੋ ਤੱਕ ਫੈਲੀ ਹੋਈ ਹੈ ?

ਙ) ਦੁਸ਼ਹਿਰੇ ਵਾਲੇ ਦਿਨ ਕਿੰਨ੍ਹਾਂ- ਕਿੰਨ੍ਹਾਂ ਦੇ ਪੁਤਲੇ ਜਲਾਏ ਜਾਂਦੇ ਹਨ ?
ਚ) 'ਕਬੱਡੀ ਦੀ ਖੇਡ'- ਪਾਠ ਦਾ ਲੇਖਕ ਕੌਣ ਹੈ ?
ਛ) ਰਾਮ ਲੀਲਾ ਵਿੱਚ ਕਿਸ ਦੇ ਗੁਣਾ ਦਾ ਪ੍ਰਭਾਵ ਲੋਕਾਂ ਤੇ ਪੈਂਦਾ ਹੈ ? **12x1= 12**

4. ਰਾਣੀ ਸਾਹਿਬ ਕੌਰ ਦੀ ਸ਼ਖਸੀਅਤ ਸਫਲ ਪ੍ਰਬੰਧਕ ਅਕਲਮੰਦੀ, ਬਹਾਦਰੀ, ਦੇਸ਼- ਭਗਤੀ ਦੇ ਗੁਣਾਂ ਦਾ ਸੁਮੇਲ ਸੀ। ਕੀ ਤੁਹਾਡੇ ਵਿੱਚ ਵੀ ਅਜਿਹੇ ਗੁਣ ਹਨ ? ਲਿਖੋ। (ਲੱਗਭੱਗ- 100 ਸ਼ਬਦਾਂ ਵਿੱਚ)

ਜਾਂ **4x1= 4**

ਕਿਸੇ ਦੇਸ਼ ਦੇ ਧਾਰਮਿਕ ਜਾਂ ਇਤਿਹਾਸਕ ਸਮਾਰਕ ਕੌਮ ਦੀ ਸੰਪਤੀ ਹੁੰਦੇ ਹਨ। ਅਸੀਂ ਆਪਣੇ ਇਤਿਹਾਸਕ ਜਾਂ ਧਾਰਮਿਕ ਸਥਾਨਾਂ ਦੀ ਸਾਂਭ- ਸੰਭਾਲ ਵਿੱਚ ਕੀ ਯੋਗਦਾਨ ਪਾ ਸਕਦੇ ਹਾਂ। (ਲੱਗਭੱਗ- 100 ਸ਼ਬਦ)(ਯਾਤਰਾ- ਕੰਨਿਆ ਕੁਮਾਰੀ)

5. ੳ) ਹੇਠ ਲਿਖੇ ਸ਼ਬਦ ਕਿਸ ਨੇ ਕਿਸ ਨੂੰ ਕਹੇ :-
1) "ਜੋ ਤੂੰ ਮੂੰਹੋਂ ਮੰਗੇਗਾ, ਮੈਂ ਇਨਕਾਰ ਨਹੀਂ ਕਰਾਂਗਾ"।
2) "---- ਤੇ ਜਦੋਂ ਜੀ ਕਰੇ ਪਿਛਾਂਹ ਮੋੜ ਲਉ"।
3) "ਬੋਤੇ ਦੇ ਦੰਦ ਤਾਂ ਗਿਣ ਲੈ ਚੋਧਰੀ- ਭਾਅ ਦਾ ਕੀ ਐ"।
4) "ਇਹ ਤੇ ਨਿੱਕੀ ਜਿਹੀ ਵਾਲਾਂ ਵਾਲੀ ਚੀਜ ਹੁੰਦੀ ਹੈ"।
5) "ਗਾਗਰ ਨੂੰ ਹੱਥ ਪਾਉਣ ਦੀ ਵੀ ਲੋੜ ਨਹੀਂ"। **5x1= 5**

ਅ) ਹੇਠਾਂ ਲਿਖੇ ਸ਼ਬਦਾਂ ਦੇ ਅਰਥ ਲਿਖੋ :-
1) ਹੱਲਾ- ਸ਼ੇਰੀ 3) ਬੇਸੁਰਤ
2) ਰੂਬਰੂ 4) ਮਨਾਹੀ **4x1= 4**

ਭਾਗ ਅ (ਵਿਆਕਰਣ)

6. ਬਹੁ- ਵਿਕਲਪੀ-ਵਿਧੀ ਉੱਤੇ ਅਧਾਰਤ ਪੁੱਛੇ ਗਏ ਪ੍ਰਸ਼ਨਾਂ ਦੇ ਠੀਕ ਉੱਤਰ ਚੁਣ ਕੇ (✓) ਦਾ ਨਿਸ਼ਾਨ ਲਗਾਓ :-
ੳ) 1) ਉਦਮੀ ਦਾ ਵਿਰੋਧੀ ਸ਼ਬਦ ਹੈ :- **5x2= 10**
ੳ) ਕਾਹਲਾ ੲ) ਚਲਾਕ
ਅ) ਆਲਸੀ ਸ) ਢਿੱਲਾ
2) ਸ਼ਹਿਰੀ- ਦਾ ਵਿਰੋਧੀ ਸ਼ਬਦ ਹੈ :-
ੳ) ਸੋਹਣਾ ੲ) ਪੇਂਡੂ
ਅ) ਫੈਂਸੀ ਸ) ਸ਼ਹਿਰੀਆਂ

ਅ) 1) 'ਕਠੋਰ' ਦੇ ਸਹੀ ਸਮਾਨਾਰਥਕ ਚੁਣੋ :-
ੳ) ਸਖਤ, ਕਰੜਾ ੲ) ਕਰੂਰ, ਖਬਤੀ
ਅ) ਕੜਕ, ਖਸਤਾ ਸ) ਸਖਤੂ, ਕੁਰਖਤ
2) 'ਉਸਤਤ' ਦੇ ਸਹੀ ਸਮਾਨਾਰਥਕ ਚੁਣੋ :-
ੳ) ਤਰੀਫ਼ੂ, ਆਦਰ ੲ) ਗੁਮਾਣ, ਆਦਰ
ਅ) ਉਪਮਾ, ਸਾਂਬਰ ਸ) ਤਾਰੀਫ਼ , ਪ੍ਰਸੰਸਾ

ੲ) ਬਹੁਤੇ ਸ਼ਬਦਾਂ ਲਈ ਇਕ ਸ਼ਬਦ ਚੁਣੋ :-
1) ਜਿਹੜਾ ਪੈਸੇ ਨਾ ਖਰਚੇ :-
ੳ) ਕੰਮਚੋਰ ੲ) ਕੰਜੂਸ
ਅ) ਚਿਪਕੂ ਸ) ਪੈਸੇਵਾਲਾ
2) ਪਿੰਡ ਦੀ ਪੰਚਾਇਤ ਦਾ ਮੁੱਖੀ :-
ੳ) ਪੰਚ ੲ) ਨੰਬਰਦਾਰ
ਅ) ਸੈਕਟਰੀ ਸ) ਸਰਪੰਚ

ਸ) 1) 'ਗੈਰ'- ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ :-

ੳ) ਗੈਰ ਜ਼ਰੂਰੀ | ੲ) ਗੈਰੀ

ਅ) ਗੈਰ ਮੰਤਰੀ | ਸ) ਗੈਰਤਾ

2) 'ਸਬ'- ਅਗੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ :-

ੳ) ਸਬਜ਼ੀ | ੲ) ਸਬ- ਹਾਜਰ

ਅ) ਸਾਬਕਾ | ਸ) ਸਬ- ਜੱਜ

ਹ) 1) 'ਈਨ' ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ :-

ੳ) ਚਮਕੀਨ | ੲ) ਹਕੀਮ

ਅ) ਨਮਕੀਨ | ਸ) ਹਈਨ

2) 'ਆਣੀ' ਪਿਛੇਤਰ ਲਗਾ ਕੇ ਬਣਿਆ ਸਹੀ ਸ਼ਬਦ ਹੈ :-

ੳ) ਘਾਣੀ | ੲ) ਚੌਧਰਾਣੀ

ਅ) ਖਟਾਣੀ | ਸ) ਪਾਣੀ

7. ੳ) ਹੇਠਾਂ ਲਿਖੇ ਸ਼ਬਦ ਜੋੜਿਆਂ ਨੂੰ ਵਾਕਾਂ ਵਿੱਚ ਵਰਤ ਕੇ ਅਰਥ- ਭੇਦ ਸਪਸ਼ਟ ਕਰੋ :- 2

1) ਸਮਾ, ਸਮਾਂ | 2) ਜਰਨਾ, ਝਰਨਾ

ਅ) ਨਿਮਨ ਲਿਖਤ ਸ਼ਬਦਾਂ ਦੇ ਸ਼ੁੱਧ ਰੂਪ ਲਿਖੋ :- 2

1) ਸੋਂਹ | 3) ਜਾਤਰਾ

2) ਆਜਾਦ | 4) ਸੂਰਯ

8. ਵਿਸ਼ਰਾਮ ਚਿੰਨ੍ਹ ਲਗਾਉ :- 2

ਅਮੀਰ ਗਰੀਬ ਸਭ ਨੂੰ ਬਰਾਬਰ ਵਿਦਿਆ ਪ੍ਰਾਪਤ ਕਰਨ ਦਾ ਹੱਕ ਹੈ । ਵਿਦਿਆ ਤੋਂ ਬਿਨ੍ਹਾਂ ਮਨੁੱਖ ਅੰਦਰ ਗਿਆਨ ਦਾ ਪ੍ਰਕਾਸ਼ ਕਿਵੇਂ ਹੋ ਸਕਦਾ ਹੈ

9. ਕਹੇ ਅਨੁਸਾਰ ਵਾਕ ਵਟਾਂਦਰਾ ਕਰੋ :- **4x1= 4**

1) ਭਾਰਤ ਸਭ ਦੇਸ਼ਾਂ ਦਾ ਦੋਸਤ ਹੈ । (ਹਾਂ- ਵਾਚਕ ਤੋਂ ਨਾਂਹ- ਵਾਚਕ ਬਣਾਉ)

2) ਦੁੱਖ ਦੀ ਗੱਲ ਹੈ ਕਿ ਅਸੀਂ ਮੈਚ ਹਾਰ ਗਏ । (ਸਰਲ ਵਾਕ ਤੋਂ ਵਿਸਮਿਕ ਵਾਕ ਬਣਾਉ)

3) ਉਹ ਬੁਰੇ ਕੰਮ ਕਰਨ ਤੋਂ ਨਹੀ ਡਰਦਾ । (ਸਰਲ ਵਾਕ ਤੋਂ ਪ੍ਰਸ਼ਨਿਕ ਵਾਕ ਬਣਾਉ)

4) ਮੈਂ ਹਾਲੇ ਸਟੇਸ਼ਨ ਤੇ ਪੁੱਜਿਆ ਹੀ ਨਹੀਂ ਸੀ ਕਿ ਗੱਡੀ ਨਿੱਕਲ ਗਈ ।

(ਨਾਂਹ- ਵਾਚਕ ਤੋਂ ਹਾਂ ਵਾਚਕ ਵਾਕ ਬਣਾਉ)

10. ੳ) ਨਿਮਨ ਲਿਖਤ ਮੁਹਾਵਰਿਆਂ ਵਿੱਚੋਂ ਕਿਸੇ 4 ਨੂੰ ਵਾਕਾਂ ਵਿੱਚ ਇੰਵ ਵਰਤੋ ਕਿ ਅਰਥ ਸਪਸ਼ਟ ਹੋ ਜਾਣ :-

1) ਖਾਰ ਖਾਣੀ | 4) ਹੱਕਾ- ਬੱਕਾ ਹੋਣਾ **4x1= 4**

2) ਗਦ- ਗਦ ਹੋਣਾ | 5) ਉਲੂੱ ਸਿੱਧਾ ਕਰਨਾ

3) ਅੱਗ ਨਾਲ ਖੇਡਣਾ

ਅ) ਹੇਠਾਂ ਲਿਖੇ ਅਖਾਣ ਕਿਹੜੇ ਮੌਕਿਆਂ ਤੇ ਵਰਤੇ ਜਾਂਦੇ ਹਨ :- **3x1= 3**

1) ਕਰੇ ਕੋਈ ਭਰੇ ਕੋਈ | 2) ਚਮੜੀ ਜਾਵੇ ਪਰ ਦਮੜੀ ਨਾ ਜਾਵੇ ।

3) ਆਪਣੇ ਮੂੰਹੋਂ ਮੀਆਂ ਮਿੱਠੂ

11. ਹੇਠਾਂ ਲਿਖੇ ਪੈਰੇ ਨੂੰ ਪੜ੍ਹ ਕੇ ਇਸ ਵਿੱਚੋਂ ਨਾਂਵ ਪੜਨਾਂਵ ਤੇ ਵਿਸ਼ੇਸ਼ਣ ਚੁਣ ਕੇ ਕਿਸਮਾਂ ਵੀ ਲਿਖੋ :- **6x½= 3**

<u>ਸਬਜੀਵਾਲਾ</u> ਪਿਆਜ ਤੋਲ ਕੇ ਟੋਕਰੀ ਵਿੱਚ ਪਾਉਣ ਲੱਗਾ ਤਾਂ ਇੱਕ <u>ਮੋਟਾ ਪਿਆਜ</u> ਟੋਕਰੀ ਤੋਂ ਬਾਹਰ ਹੋ ਕੇ ਸੜਕ ਤੇ ਡਿੱਗ ਪਿਆ । <u>ਉਸ ਨੇ</u> ਸੋਚਿਆ ਗਾਹਕਾਂ ਦੇ ਜਾਣ ਤੋਂ ਪਿਛੋਂ ਉਹ ਪਿਆਜ ਚੁੱਕ ਲਵੇਗਾ ਪਰ ਉਸ ਦੇ ਚੁੱਕਣ ਤੋਂ ਪਹਿਲਾਂ ਹੀ ਕੂੜੇਵਾਲੀ ਨੇ ਪਿਆਜ ਚੁੱਕ ਲਿਆ ।

12. ਹੇਠਾਂ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਉ :-

ਸਾਇਬੇਰੀਆਂ ਦੀਆਂ ਕੂੰਜਾਂ ਵਾਂਗ ਪੰਜਾਬੀਆਂ ਦੇ ਲੇਖਾਂ ਵਿੱਚ ਵੀ ਪਰਵਾਸ ਲਿਖਿਆ ਹੈ । ਜਿਵੇਂ ਹਿਮਾਲਾ ਪਰਬਤ ਸਾਈਬੇਰੀਆਂ

ਤੋਂ ਆਉਣ ਵਾਲੀਆਂ ਬਰਫੀਲੀਆਂ ਹਵਾਵਾਂ ਨੂੰ ਤਾਂ ਰੋਕ ਸਕਦਾ ਹੈ ਪਰ ਕੂੰਜਾਂ ਨੂੰ ਰੋਕ ਨਹੀਂ ਸਕਦਾ। ਇਸੇ ਤਰ੍ਹਾਂ ਵਿਦੇਸ਼ਾ ਦੇ ਸਖਤ ਕਾਨੂੰਨ ਵੀ ਪੰਜਾਬੀਆਂ ਦੇ ਪਰਵਾਸ ਨੂੰ ਰੋਕ ਨਹੀਂ ਸਕੇ। ਜਿੰਨ੍ਹਾਂ ਚਿਰ ਪੰਜਾਬ ਵਿੱਚ ਰੁਜਗਾਰ ਦੇ ਮੌਕੇ ਨਹੀਂ ਵਧਾਏ ਜਾਂਦੇ ਉਨ੍ਹਾਂ ਚਿਰ ਪੰਜਾਬੀ ਨੌਜਵਾਨਾਂ ਨੂੰ ਵਿਦੇਸ਼ੀ ਧਰਤੀ ਉਪਰ ਡਾਲਰਾਂ ਦੀ ਚਮਕ ਖਿੱਚ ਪਾਉਂਦੀ ਰਹੇਗੀ।

1) ਸਾਈਬੇਰੀਆਂ ਤੋਂ ਆਉਣ ਵਾਲੀਆਂ ਬਰਫੀਲੀਆਂ ਹਵਾਵਾਂ ਨੂੰ ਕੌਣ ਰੋਕਦਾ ਹੈ।

2) ਨੌਜਵਾਨਾਂ ਨੂੰ ਵਿਦੇਸ਼ਾਂ ਵਿੱਚ ਜਾਣ ਤੋਂ ਰੋਕਣ ਲਈ ਕੀ ਕਰਨਾ ਚਾਹੀਦਾ ਹੈ।

3) ਪੰਜਾਬੀਆਂ ਦੇ ਪਰਵਾਸ ਦੀ ਤੁਲਨਾ ਕਿਸ ਨਾਲ ਕੀਤੀ ਗਈ ਹੈ ? 1+1+1= 3

13. ਆਪਣੇ ਮਿੱਤਰ ਜਾਂ ਸਹੇਲੀ ਨੂੰ ਪਾਸ ਹੋਣ ਤੇ ਵਧਾਈ ਪੱਤਰ ਲਿਖੋ। 6

14. ਕਿਸੇ ਇੱਕ ਵਿਸ਼ੇ ਤੇ ਲੇਖ ਲਿਖੋ। (ਲੱਗਭੱਗ 150 ਤੋਂ 200 ਸ਼ਬਦਾਂ ਵਿੱਚ) 6

1) ਮਹਿੰਗਾਈ 2) ਪੰਦਰਾ ਅਗਸਤ